# ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਦਸਤਾਰ ਚੋਰ ਕਹਿਣ ਵਾਲਿਓ ! ਜ਼ਰਾ ਸੋਚੋ

# ਕੀ ਇਹੀ ਸੀ ਉਹ 'ਬਾਣੀ' ਜੋ ਗੁਰੂ ਗੋਬਿੰਦ ਸਿੰਘ ਜੀ ਨੇ ਰਚੀ?

## ਇਸ 'ਅਸ਼ਲੀਲ" ਰਚਨਾ ਨੂੰ 'ਗੁਰੂ ਦੀ ਬਾਣੀ' ਕਹਿ ਕੇ ਕਿਉਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਪਮਾਨ ਕਰਦੇ ਹੋ!

ਦਮਦਮੀ ਟਕਸਾਲ, ਕੁੱਝ ਨਿਹੰਗ ਜੱਥੇਬੰਦੀਆਂ, ਅਕਾਲ ਤਖਤ ਦੇ ਤੇ ਹੋਰ ਪੁਜਾਰੀਆਂ ਤੇ ਗ੍ਰੰਥੀਆਂ ਨੇ 11 ਤੋਂ 13 ਨਵੰਬਰ ਦੇ ਦਿਨ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖਤ ਦੱਸ ਕੇ ਪਿੰਡ ਦਿਆਲ ਪੁਰਾ (ਬਠਿੰਡਾ) 'ਚ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਪ੍ਰਕਾਸ਼ ਕਰਕੇ ਅਖੰਡ ਪਾਠ ਕਰਨ ਦਾ ਘੋਰ ਅਪਮਾਨ ਜਨਕ ਕੰਮ ਕੀਤਾ ਹੈ। ਇਹ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਘੋਰ ਬੇਅਦਬੀ ਹੈ। ਇਹ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਵਲੋਂ ਰਾਮ ਅਵਤਾਰ, ਕ੍ਰਿਸ਼ਨ ਅਵਤਾਰ, ਚੌਬੀਸ ਅਵਤਾਰ ਨੂੰ ਗੁਰਬਾਣੀ ਕਹਿ ਕੇ ਗੁਰੂ ਸਾਹਿਬ ਨੂੰ ਰਾਮ ਤੇ ਕ੍ਰਿਸ਼ਨ ਦਾ ਪੁਜਾਰੀ ਬਣਾਉਣ ਦੀ ਸਾਜਿਸ਼ ਦਾ ਹਿਸਾ ਹੈ। ਕੋਕਸ਼ਾਸ਼ਤਰ ਤੋਂ ਵੀ ਅਸ਼ਲੀਲ ਲਿਖਤ ਨੂੰ ਗੁਰੂ ਸਾਹਿਬ ਦੀ ਬਾਣੀ (ਗੁਰਬਾਣੀ) ਆਖਣਾ; ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਸ ਤੋਂ ਵੀ ਵੱਡੀ ਬੇਅਦਬੀ ਹੋਰ ਕੀ ਹੋ ਸਕਦੀ ਹੈ। ਇਹ ਸ਼ਰਮਨਾਕ, ਘਟੀਆ ਹਰਕਤ ਕੋਈ ਸੱਚਾ ਸਿੱਖ ਬਰਦਾਸ਼ਤ ਨਹੀ ਕਰ ਸਕਦਾ। ਸਾਨੂੰ ਖਿਮਾਂ ਕੀਤਾ ਜਾਏ, ਅਸੀਂ ਹੇਠਾਂ ਉਸ ਅਸ਼ਲੀਲ ਕਵਿਤਾ ਦੇ ਕੁੱਝ ਨਮੂਨੇ ਪੇਸ਼ ਕਰ ਰਹੇ ਹਾਂ ਜੋ ਮਾਂ ਪੁੱਤ, ਭੈਣ ਭਰਾ, ਬਾਪ ਬੇਟੀ ਮਿਲ ਕੇ ਨਹੀਂ ਸੁਣ ਸਕਦੇ, ਨਾ ਪੜ੍ਹ ਸਕਦੇ ਹਨ। ਪਰ ਕਿਉਂਕਿ ਗੁਰਮਤਿ ਤੋਂ ਭਟਕੇ ਹੋਏ ਲੋਕ, ਇਸ ਗ੍ਰੰਥ ਨੂੰ ਗੁਰੂ ਦੀ ਬਾਣੀ ਕਹਿ ਰਹੇ ਹਨ, ਇਸ ਲਈ ਅਸੀਂ ਇਸ ਦੀ ਵੰਨਗੀ ਆਪ ਨੂੰ ਵਿਖਾ ਰਹੇ ਹਾਂ। ਤੁਸੀਂ ਪੜ੍ਹ ਕੇ ਦੱਸੋ, ਕੀ ਗੁਰੂ ਦਾ ਅਪਮਾਨ ਕਰਨ ਦਾ ਤੇ ਸਿੱਖੀ ਨੂੰ ਪੱਥਰ ਯੁਗ ਦਾ ਧਰਮ ਸਾਬਤ ਕਰਨ ਦਾ ਇਸ ਤੋਂ ਮਾੜਾ ਢੰਗ ਵੀ ਕੋਈ ਹੋ ਸਕਦਾ ਹੈ?

**ਕੀ ਇਸ ਅਸ਼ਲੀਲਤਾ ਨੂੰ ਗੁਰਬਾਣੀ ਕਹਿਣ ਵਾਲੇ ਸਿੱਖ ਹਨ?**
**ਕੀ ਇਸ ਨੂੰ ਗੁਰੂ ਦੀ ਬਾਣੀ ਕਹਿਣਾ, ਗੁਰੂ ਦੀ ਬੇਅਦਬੀ ਨਹੀ ਹੈ?**
**ਕੀ ਇਸ 'ਗ੍ਰੰਥ' ਅੱਗੇ ਸਿੱਖਾਂ ਨੂੰ ਮੱਥਾ ਟੇਕਣ ਲਈ ਕਿਹਾ ਜਾ ਸਕਦਾ ਹੈ?**
**ਕੀ ਇਸ 'ਗ੍ਰੰਥ' ਦੀ ਹੇਠ ਵਰਣਤ ਸਿਖਿਆ ਅੱਜ ਦੇ ਸਿੱਖ ਦਾ ਮਾਰਗ-ਦਰਸ਼ਨ ਕਰੇਗੀ?**
**ਕੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਸ ਤੋਂ ਵੱਧ ਅਪਮਾਨ ਕਰਨ ਦਾ ਕੋਈ ਹੋਰ ਢੰਗ ਨਹੀ ਸੀ ਬਚਿਆ?**
**ਕੀ ਇਸ ਅਸ਼ਲੀਲਤਾ ਨੂੰ ਗੁਰੂ ਗਰੰਥ ਸਾਹਿਬ ਦੇ ਤੁਲ ਪ੍ਰਕਾਸ਼ ਕਰਨਾ ਗੁਰੂ ਗਰੰਥ ਸਾਹਿਬ ਦੀ ਘੋਰ ਬੇਅਦਬੀ ਨਹੀਂ ਹੈ?**
**ਕੀ ਇਸ ਅਸ਼ਲੀਲਤਾ ਨੂੰ ਗੁਰੂ ਗਰੰਥ ਸਾਹਿਬ ਦੇ ਤੁਲ ਪ੍ਰਕਾਸ਼ ਕਰਨਾ ਸਿੱਖ ਰਹਿਤ ਮਰਿਯਾਦਾ ਦੀ ਸਿੱਧੀ ਉਲੰਘਣਾ ਨਹੀਂ ਹੈ?**

ਤ੍ਰਿਆ ਚਰਿਤ੍ਰ (ਦਸਮ ਗ੍ਰੰਥ ਦਾ ਵੱਡਾ ਹਿਸਾ) ਤਾਂ ਇਹੋ ਜੇਹੀ ਕਾਮ-ਕ੍ਰੀੜਾ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿਚ ਦੂਜੇ ਦੀ ਪਤਨੀ ਭੋਗਣਾ, ਭੈਣ-ਧੀ ਨਾਲ ਭੋਗ ਕਰਨਾ, ਖੂਬ ਨਸ਼ੇ ਕਰਨਾ ਤੇ ਕਤਲ ਕਰਨਾ ਤੇ ਹੋਰ ਮਹਾਂ ਪਾਪ ਤੇ ਜੁਰਮ ਕਰਨੇ ਸਿਖਾਇਆ ਗਿਆ ਹੈ। ਇਹ ਮਾਮੂਲੀ ਜਿਹੀਆਂ ਵੰਨਗੀਆਂ ਹਨ।

## ਪੜ੍ਹੋ ਦਸਮ ਗੁਰੂ ਦੇ ਨਾਂ ਮੜ੍ਹੀ ਜਾ ਰਹੀ ਅਸ਼ਲੀਲ 'ਬਾਣੀ' ਦਾ ਨਮੂਨਾ!

*ਤੇਜ ਅਸਤੁਰਾ ਏਕ ਮੰਗਾਯੋ॥ ਨਿਜ ਕਰ ਗਹਿਕੈ ਰਾਵ ਚਲਾਯੋ॥*
*ਤਾਂ ਕੀ ਮੂੰਡਿ ਝਾਂਟਿ ਸਭ ਡਾਰੀ॥ ਦੇਕੈ ਹਸੀ ਚੰਚਲਾ ਤਾਰੀ॥ ਚ੍ਰਿਤਰ 190॥" ਦਸਮ ਗ੍ਰੰਥ ਪੰਨਾ 1082॥*
(ਅਰਥ: ਉਸ ਨੇ ਇਕ ਤੇਜ ਉਸਤਰਾ ਮੰਗਵਾਇਆ। ਰਾਵ ਨੇ ਉਸ ਨੂੰ ਆਪਣੇ ਹੱਥੀਂ ਫੜ ਕੇ ਆਪ ਚਲਾਇਆ। ਉਸ ਦੀਆਂ ਸਾਰੀਆਂ ਝੂਆਂ ਮੁੰਨ ਦਿੱਤੀਆਂ। ਇਹ ਵੇਖ ਕੇ ਉਹ ਚੰਚਲ ਨਾਰੀ ਬੜੀ ਹੱਸੀ ਤੇ ਖੁਸ਼ ਹੋਈ।)
*ਤੁਮ ਮਦਿਰਾ ਪੀਵਹੁ ਘਨੋ, ਹਮੈ ਪਿਆਵਹੁ ਭੰਗ। ਚਾਰ ਪਹਿਰ ਕੋ ਮਾਨਿਯੋ, ਭੋਗ ਤਿਹਾਰੇ ਸੰਗ। ਦਸਮ ਗ੍ਰੰਥ ਪੰਨਾ 832॥*
(ਅਰਥ: ਤੂੰ ਚੰਗਾ ਦਾਰੂ ਪੀ ਤੇ ਮੈਨੂੰ ਭੰਗ ਪਿਆ। ਮੈਂ 12 ਘੰਟੇ ਤੇਰੇ ਨਾਲ ਭੋਗ ਕਰਾਂਗਾ।)
*ਇਕ ਦਿਨ ਭਾਂਗ ਮਿਤ੍ਰ ਤੇ ਲਈ। ਪੋਸਤ ਸਹਿਤ ਅਫੀਮ ਚੜ੍ਹਾਈ।*
*ਬਹੁ ਰਤ ਕਰੀ, ਨਾ ਬੀਰਜ ਗਿਰਾਈ। ਆਠ ਪਹਿਰ ਲਗ ਕੁਆਰ ਬਜਾਈ॥ ਦਸਮ ਗ੍ਰੰਥ ਪੰਨਾ 1280॥*
(ਅਰਥ: ਇਕ ਦਿਨ ਕਿਸੇ ਦੋਸਤ ਤੋਂ ਭੰਗ ਲਈ, ਪੋਸਤ ਤੇ ਅਫੀਮ ਵੀ ਖਾਧੀ। ਬਹੁਤ ਭੋਗ ਕੀਤਾ, ਵੀਰਜ ਨਾ ਸੁਟਿਆ। ਇੰਜ 24 ਘੰਟੇ ਕੁਆਰੀ ਨਾਲ ਭੋਗ ਕੀਤਾ।)
*ਭਗ ਮੇ ਲਿੰਗ ਦੀਓ ਰਾਜਾ ਜਬ। ਰੁਚਿ ਉਪਜੀ ਤਰੁਨੀ ਕੇ ਤਬ।*
*ਲਪਟਿ ਲਪਟਿ ਆਸਨ ਤਰ ਗਈ। ਚੁੰਬਨ ਕਰਤ ਭੂਪ ਕੇ ਭਈ। ਦਸਮ ਗ੍ਰੰਥ ਪੰਨਾ 1358॥*
(ਅਰਥ: ਜਦ ਰਾਜੇ ਨੇ ਆਪਣਾ ਲਿੰਗ ਉਸ ਦੇ ਗੁਪਤ ਅੰਗ ਵਿਚ ਵਾੜਿਆ ਤਾਂ ਉਸ ਨੂ ਬੜਾ ਅਨੰਦ ਆਇਆ। ਉਹ ਉਸ ਨਾਲ ਘੁਟ ਘੁਟ ਕੇ ਜੱਫੀਆਂ ਪਾਉਣ ਲੱਗ ਪਈ ਤੇ ਵਾਰ ਵਾਰ ਚੁੰਮੀਆਂ ਲੈਣ ਲੱਗ ਪਈ।)
*ਪ੍ਰਥਮ ਬਾਰ ਜਬ ਧੱਕਾ ਲਗਾਯੋ। ਤਬ ਰਾਨੀ ਲੈ ਢੋਲ ਬਜਾਯੋ।*
*ਜਬ ਤਿਹ ਲਿੰਗ ਸੁ ਭਗ ਤੇ ਕਾਢਾ। ਤ੍ਰਿਯਾ ਢੋਲ ਧਮੱਕਾ ਗਾਢਾ। ਦਸਮ ਗ੍ਰੰਥ ਪੰਨਾ 1342॥*
(ਅਰਥ: ਜਦ ਪ੍ਰੇਮੀ ਨੇ ਘੱਸੇ ਮਾਰੇ ਤਾਂ ਰਾਣੀ ਨੇ ਢੋਲ ਵਜਾਇਆ। ਜਦ ਉਸ ਨੇ ਆਪਣਾ ਲਿੰਗ ਉਸ ਦੇ ਗੁਪਤ ਅੰਗ ਚੋਂ ਕੱਢਿਆ ਤਾਂ ਉਸ ਨੇ ਖੂਬ ਢੋਲ ਧਮੱਕਾ ਵਜਾਇਆ।)
*ਨ੍ਰਿਪ ਕੋ ਪਕਰਿ ਭੁਜਨ ਲਿਓ। ਗੁਦਾ ਭੋਗ ਤਾ ਸਿਉ ਬਹੁ ਕਿਯੋ॥ ਦਸਮ ਗ੍ਰੰਥ ਪੰਨਾ 1010॥*
(ਅਰਥ: ਉਸ ਨੇ ਪੱਟਾਂ ਤੋਂ ਫੜ ਕੇ ਉਸ ਨਾਲ ਪਿਛਲੇ ਪਾਸਿਉਂ ਬਹੁਤ ਚਿਰ ਭੋਗ ਕੀਤਾ, ਯਾਨੀ ਮੁੰਡੇ ਬਾਜੀ ਕੀਤੀ।)
*ਲਪਟਿ ਪਲਟਿ ਤਾਸੋ ਕੁਆਰਿ ਰਤਿ ਮਾਨੀ ਰੁਚਿ ਮਾਨਿ। ਭ੍ਰਾਤ ਭਗਨਿ ਕੇ ਭੇਦ ਕੋ ਸਕਤ ਨਾ ਭਏ ਪਛਾਨ। ਦਸਮ ਗ੍ਰੰਥ ਪੰਨਾ 1119॥*
(ਅਰਥ: ਉਸ ਨਾਲ ਜੱਫੀਆਂ ਪਾ ਪਾ ਕੇ ਭੋਗ ਕਰ ਕੇ ਬਹੁਤ ਮਜਾ ਲਿਆ। ਭਰਾ ਨੇ ਭੈਣ-ਭਰਾ ਦਾ ਰਿਸ਼ਤਾ ਵੀ ਨਾ ਪਛਾਣਿਆ।)
ਭੋਗ ਜਾਰ ਅਬਲਾ ਕਿਯੋ। ਭਾਂਤਿ ਭਾਂਤਿ ਤਾ ਕੋ ਸੁਖ ਦਿਯੋ।
*ਉਛਲ ਉਛਲ ਰਤਿ ਅਧਿਕ ਕਮਾਈ। ਮੂਰਖ ਭਾਰ ਬਾਤ ਨਹਿ ਪਾਈ॥ ਦਸਮ ਗ੍ਰੰਥ ਪੰਨਾ 1064॥*
(ਅਰਥ: ਮਹਿਬੂਬ ਨੇ ਉਸ ਕੁੜੀ ਨਾਲ ਭੋਗ ਕੀਤਾ ਤੇ ਤਰ੍ਹਾਂ ਤਰ੍ਹਾਂ ਦਾ ਮਜਾ ਦਿੱਤਾ। ਉਹ ਵੀ ਉਛਲ ਉਛਲ ਕੇ ਮਜ਼ਾ ਦਿੰਦੀ ਰਹੀ। ਉਸ ਦੇ ਮੂਰਖ ਭਾਟ ਪਤੀ ਨੂੰ ਪਤਾ ਵੀ ਨਾ ਲੱਗ ਸਕਿਆ।)
*ਆਸਨ ਔਰ ਅਲਿੰਗਨ ਚੁੰਬਨ ਭਾਂਤਿ ਅਨੇਕ ਲੀਏ ਸੁਖਦਾਈ।*
*ਸੋ ਤਿਹ ਕੁਚਾਨ ਮਰੋਰਿ ਸੁ ਭੋਰ ਲਗੁ ਭਕ ਭੋਰ ਬਜਾਈ॥ ਦਸਮ ਗ੍ਰੰਥ ਪੰਨਾ 1049॥*
(ਅਰਥ: ਕਈ ਤਰ੍ਹਾਂ ਦੇ ਆਸਨ ਕੀਤੇ, ਜੱਫੀਆਂ ਤੇ ਚੁੰਮੀਆਂ ਨਾਲ ਤਰ੍ਹਾਂ ਤਰ੍ਹਾਂ ਦਾ ਸੁਖ ਦਿੱਤਾ। ਉਸ ਦੀਆ ਛਾਤੀਆਂ ਮਰੋੜੀਆਂ ਤੇ ਸਵੇਰ ਹੋਣ ਤਕ ਉਸ ਨਾਲ ਭੋਗ ਕਰਦਾ ਰਿਹਾ।)
*ਜੌ ਸੁਨਿ ਬਚਨ ਤੇਜ ਮਨ ਭਯੋ॥ ਕਰ ਮਹਿ ਕਾਢਿ ਛੁਰਾ ਕਹ ਲਯੋ॥ ਕਟਯੋ ਲਿੰਗ ਬਸਤ੍ਰ ਤੇ ਨਿਕਾਰਾ॥ ਰਾਜ ਤਰਨਿ ਦੇ ਮੁਖ ਪਰ ਮਾਰਾ॥9॥ ਦਸਮ ਗ੍ਰੰਥ ਪੰਨਾ 1215॥*
(ਅਰਥ: ਇਹ ਗਲ ਸੁਣ ਕੇ ਉਸ ਦਾ ਮਨ ਕਰੋਧ ਦੀ ਅੱਗ ਨਾਲ ਤੱਤਾ ਹੋ ਗਿਆ।ਉਸ ਨੇ ਹੱਥ ਵਿਚ ਛੁਰਾ ਫੜ ਲਿਆ। ਫਿਰ ਉਸ ਨੇ ਇਕ ਕੱਟਿਆ ਹੋਇਆ ਲਿੰਗ ਕਪੜੇ ਵਿਚੋਂ ਬਾਹਰ ਕੱਢਿਆ ਤੇ ਉਸਨੇ ਇਸਤਰੀ ਦੇ ਮੂੰਹ ਤੇ ਮਾਰਿਆ।)

ਜਿਹੜੇ ਲੋਕ,ਧਰਮ ਦਾ ਚੋਲਾ ਪਾ ਕੇ ਇਸ 'ਗ੍ਰੰਥ' ਨੂੰ ਗੁਰੂ ਦੀ 'ਬਾਣੀ' ਕਹਿ ਕੇ ਗੁਰੂ ਦਾ ਘੋਰ ਅਪਮਾਨ ਕਰ ਰਹੇ ਹਨ ਤੇ ਸਿੱਖ ਧਰਮ ਨੂੰ ਪੱਥਰ ਯੁਗ ਦਾ ਧਰਮ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕੀ ਉਹ ਸਿੱਖੀ ਦੇ ਦੋਖੀ ਨਹੀ? ਜੇ ਹਨ ਤਾਂ ਸੋਚੋ, ਉਨ੍ਹਾਂ ਨਾਲ ਕਿਵੇਂ ਨਿਪਟਣਾ ਚਾਹੀਦਾ ਹੈ?

## ਜਾਗੋ ਸਿੱਖੋ ਜਾਗੋ! ਹੋਸ਼ ਵਿਚ ਆਓ! ਗੁਰੂ ਦੇ ਘੋਰ ਅਪਮਾਨ ਨੂੰ ਰੋਕੋ!

**ਬੇਨਤੀ ਕਰਤਾ:** ਸ੍ਰ: ਸੁਚੇਤ ਸਿੰਘ, ਸ੍ਰ: ਅਮਰੀਕ ਸਿੰਘ ਮੁਕਤਸਰ, ਸ੍ਰ: ਬਲਕਰਨ ਸਿੰਘ, ਸ੍ਰ: ਮਨਜੀਤ ਸਿੰਘ ਸਹੋਤਾ, ਸ੍ਰ: ਹਰਜੀਤ ਸਿੰਘ, ਸ੍ਰ: ਗੁਰਜੰਟ ਸਿੰਘ, ਸ੍ਰ: ਬਲਵਿੰਦਰ ਸਿੰਘ, ਸ੍ਰ: ਕੁਲਤਾਰ ਸਿੰਘ, ਸ੍ਰ: ਨਰਿੰਦਰਜੀਤ ਸਿੰਘ ਮੱਟੂ, ਸ੍ਰ: ਜਸਵੀਰ ਸਿੰਘ ਖਾਲਸਾ, ਸ੍ਰ: ਚੈਨ ਸਿੰਘ ਧਾਲੀਵਾਲ, ਸ੍ਰ: ਅਜਾਇਬ ਸਿੰਘ, ਸ੍ਰ: ਗੁਰਚਰਨ ਸਿੰਘ ਜਿਉਣਵਾਲਾ, ਸ੍ਰ: ਦਰਸ਼ਨ ਸਿੰਘ ਘਣਕਸ, ਸ੍ਰ: ਗੁਰਪ੍ਰੀਤ ਸਿੰਘ ਸਮਰਾ, ਸ੍ਰ: ਮਨਦੀਪ ਸਿੰਘ, ਸ੍ਰ: ਹਰਮਨਜੀਤ ਸਿੰਘ, ਸੰਤੋਖ ਸਿੰਘ, ਸ੍ਰ: ਜਗਜੀਤ ਸਿੰਘ, ਸ੍ਰ: ਸੁਰਿੰਦਰ ਸਿੰਘ ਜੌਤੀ, ਸ੍ਰ: ਮਨਜੀਤ ਸਿੰਘ ਮਾਂਗਟ, ਸ੍ਰ: ਅਜੀਤ ਸਿੰਘ, ਸ੍ਰ: ਇੰਦਰਦੀਪ ਸਿੰਘ, ਸ੍ਰ: ਗੁਰਦਇਆ ਸਿੰਘ ਢਾਲਾ, ਸ੍ਰ: ਰਨਦੀਪ ਸਿੰਘ ਧਾਲੀਵਾਲ, ਸ੍ਰ: ਹਰਜਿੰਦਰ ਸਿੰਘ, ਸ੍ਰ: ਜਸਵੀਰ ਸਿੰਘ ਮਾਂਗਟ, ਸ੍ਰ: ਪਰਮਿੰਦਰ ਸਿੰਘ ਪਰਮਾਰ, ਸ੍ਰ: ਬਲਦੇਵ ਸਿੰਘ, ਸ੍ਰ: ਗੁਰਦੇਵ ਸਿੰਘ ਸੰਧੇਵਾਲੀਆ, ਸ੍ਰ: ਇੰਦਰਜੀਤ ਸਿੰਘ ਜਗਰਾਉਂ, ਸ੍ਰ: ਸਿਕੰਦਰਜੀਤ ਸਿੰਘ ਅਤੇ ਸ੍ਰ: ਜਸਕਰਨਜੀਤ ਸਿੰਘ

**ਨਵੇਂ ਛਪੇ ਦਸਮ ਗ੍ਰੰਥ ਦਾ ਮੁਖ ਪੰਨਾ:**

ੴ ਸਤਿਗੁਰ ਪ੍ਰਸਾਦਿ॥
ਸ੍ਰੀ
ਦਸਮ ਗੁਰੂ ਗ੍ਰੰਥ ਸਾਹਿਬ ਜੀ

ਗੁਰਬਾਣੀ ਦਾ ਲਾਸਾਨੀ ਸੋਧਕ-
ਗਿਯਾਨੀ ਮਹਿੰਦਰ ਸਿੰਘ 'ਰਤਨ'
ਪ੍ਰਕਾਸ਼ਕ ਭਾ. ਚਤੁਰ ਸਿੰਘ ਜੀਵਨ ਸਿੰਘ,
ਅੰਮ੍ਰਿਤਸਰ।

## ਜਾਰੀ ਕਰਤਾ: ਤੱਤ ਗੁਰਮਤਿ ਟਕਸਾਲ

You may read the whole Dasam Granth (ਦਸਮ ਗ੍ਰੰਥ) online at the following link but these disgusting & repulsive writings are in Volume 4 & Volume 5, called ਚਰਿਤ੍ਰੋਪਾਖਿਯਾਨ.

**http://www.GobindSadan.org/institute/dasam/**